# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਮੀਮੋ ਨੰ: DySPD (PEDB)/2019/ 280282 ਮਿਤੀ: 05/09/2019

## ਜਨਤਕ ਸੂਚਨਾ

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/2018-1edu6/1508658, ਮਿਤੀ 25.06.2019 ਰਾਹੀਂ ਅਧਿਆਪਕਾਂ ਦੀ Teachers Transfer Policy-2019 ਜਾਰੀ ਕੀਤੀ ਗਈ ਸੀ। ਜੋ ਅਧਿਆਪਕ ਪਾਲਿਸੀ ਅਨੁਸਾਰ ਕਵਰ ਹੁੰਦੇ ਸਨ ਉਨ੍ਹਾਂ ਦੀਆਂ ਸਿੱਖਿਆ ਵਿਭਾਗ ਵੱਲੋਂ ਬਦਲੀਆਂ ਦੇ ਤਿੰਨ ਗੇੜ ਵਿੱਚ ਬਦਲੀਆਂ ਲਈ online ਬੇਨਤੀਆਂ ਜਨਤਕ ਸੂਚਨਾ ਜਾਰੀ ਕਰਕੇ ਮੰਗੀਆਂ ਗਈਆਂ ਸਨ ਅਤੇ ਯੋਗ ਪਾਏ ਗਏ ਅਧਿਆਪਕਾਂ ਦੀ ਬਦਲੀ ਪਾਲਿਸੀ ਅਨੁਸਾਰ ਕੀਤੀ ਗਈ।

2.0 ਬਦਲੀ ਦੀ ਪ੍ਰਕ੍ਰਿਆ ਪੂਰੀ ਹੋਣ ਤੇ ਪਾਇਆ ਗਿਆ ਹੈ ਕਿ ਕੁਝ ਅਧਿਆਪਕ ਵੱਖ-ਵੱਖ ਕਾਰਨਾਂ ਕਰਕੇ ਆਪਣੇ ਬਦਲੀ ਵਾਲੇ ਸਟੇਸ਼ਨ ਤੇ ਹਾਜਰ ਨਹੀਂ ਹੋ ਸਕੇ, ਪਰ ਉਨ੍ਹਾਂ ਦਾ epunjabschool portal ਤੇ ਡਾਟਾ ਬਦਲੀ ਵਾਲੇ ਸਟੇਸ਼ਨ ਤੇ ਸ਼ਿਫਟ ਹੋ ਚੁੱਕਾ ਹੈ। ਅਜਿਹੇ ਸਮੂਹ ਅਧਿਆਪਕਾਂ ਦਾ ਡਾਟਾ ਉਸ ਸਕੂਲ ਦੇ ਪ੍ਰਿੰਸੀਪਲ/ ਮੁੱਖ ਅਧਿਆਪਕ/DDO ਵੱਲੋਂ epunjabschool portal ਤੇ ਆਪਣੇ School Account ਵਿੱਚੋਂ request ਭੇਜ ਕੇ ਡਾਟਾ ਵਾਪਸ ਸਬੰਧਤ ਅਧਿਆਪਕ ਦੇ ਮੌਜੂਦਾ ਤੈਨਾਤੀ ਵਾਲੇ ਸਕੂਲ ਵਿੱਚ ਮਿਤੀ 09.09.2019 ਤੱਕ ਸ਼ਿਫਟ ਕਰਵਾਉਣਾ ਯਕੀਨੀ ਬਣਾਇਆ ਜਾਵੇ।

3.0 ਇਸ ਤੋਂ ਇਲਾਵਾ ਪ੍ਰਿੰਸੀਪਲ/ ਮੁੱਖ ਅਧਿਆਪਕ/ਬਲਾਕ ਪ੍ਰਾਇਮਰੀ ਸਿੱਖਿਆ ਅਫਸਰ/ DDO ਵੱਲੋਂ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਉਨ੍ਹਾਂ ਦੇ ਸਕੂਲਾਂ ਵਿੱਚ ਤੈਨਾਤ ਸਮੂਹ ਅਧਿਆਪਕਾਂ ਦਾ epunjabschool portal ਤੇ ਮੌਜੂਦਾ ਸਕੂਲ ਵਿੱਚ ਹਾਜਰੀ/ ਤੈਨਾਤੀ ਦੀ ਮਿਤੀ ਦਾ ਵੇਰਵਾ ਹਰ ਹਾਲਤ ਵਿੱਚ ਰਿਕਾਰਡ ਅਨੁਸਾਰ ਸਹੀ ਹੋਵੇ ਅਤੇ ਜੇਕਰ ਇਸ ਵਿੱਚ ਸੋਧ ਦੀ ਲੋੜ ਹੋਵੇ ਤਾਂ ਉਹ ਵੀ ਮਿਤੀ 09.09.2019 ਤੱਕ ਹਰ ਹਾਲਤ ਵਿੱਚ ਕਰ ਲਿਆ ਜਾਵੇ।

4.0 ਪ੍ਰਾਇਮਰੀ ਸਕੂਲਾਂ ਵਿੱਚ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਦਾ ਵੀ epunjabschool portal ਤੇ ਮੌਜੂਦਾ ਸਕੂਲ ਵਿੱਚ ਹਾਜਰੀ/ ਤੈਨਾਤੀ ਦੀ ਮਿਤੀ ਦਾ ਵੇਰਵਾ ਹਰ ਹਾਲਤ ਵਿੱਚ ਰਿਕਾਰਡ ਅਨੁਸਾਰ ਸਹੀ ਹੋਵੇ ਅਤੇ ਜੇਕਰ ਇਸ ਵਿੱਚ ਸੋਧ ਦੀ ਲੋੜ ਹੋਵੇ ਤਾਂ ਉਹ ਵੀ ਮਿਤੀ 09.09.2019 ਤੱਕ ਹਰ ਹਾਲਤ ਵਿੱਚ ਕਰ ਲਿਆ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।